# ਮੌਲੁਸਕਮ ਕੌਨਟੈਗਿਉਸਮ Molluscum Contagiosum

ਮੌਲੁਸਕਮ ਕੌਨਟੈਗਿਉਸਮ ਚਮੜੀ ਦੀ ਲਾਗ ਦੀ ਇੱਕ ਬਿਮਾਰੀ ਹੈ ਜੋ ਪੌਕਸ ਵਾਇਰਸ ਕਾਰਣ ਹੁੰਦੀ ਹੈ। ਇਹ ਲਾਗ ਚਮੜੀ ਉੱਪਰ ਕਿਤੇ ਵੀ ਹੋ ਸਕਦੀ ਹੈ। ਇਹ ਬੱਚਿਆਂ ਵਿੱਚ ਬਹੁਤ ਆਮ ਹੁੰਦੀ ਹੈ। ਬਾਲਗਾਂ ਵਿੱਚ ਇਹ ਇੰਨੀ ਆਮ ਨਹੀਂ ਹੁੰਦੀ ਅਤੇ ਉਨ੍ਹਾਂ ਵਿੱਚ ਆਮ ਤੌਰ 'ਤੇ ਇਹ ਜਿਨਸੀ ਸੰਬੰਧਾਂ ਕਾਰਣ ਫੈਲਦੀ ਹੈ। ਇਸ ਵਿੱਚ ਲਾਗ ਆਮ ਤੌਰ 'ਤੇ ਢਿੱਡ, ਗੁਪਤ ਅੰਗਾਂ, ਚਿੱਤੜਾਂ ਅਤੇ ਪੱਟਾਂ ਉੱਪਰ ਲਗਦੀ ਹੈ।

ਮੌਲੁਸਕਮ ਦਾ ਇਲਾਜ ਕੀਤਾ ਜਾ ਸਕਦਾ ਹੈ ਪਰ ਅਕਸਰ ਇਹ ਆਪਣੇ ਆਪ ਹੀ ਠੀਕ ਹੋ ਜਾਂਦੀ ਹੈ। ਬ੍ਰਿਟਿਸ਼ ਕੋਲੰਬੀਆ ਵਿੱਚਇਹ ਇੱਕ ਆਮ ਲਾਗ ਹੈ।

## ਕਾਰਣ Causes

ਮੌਲੁਸਕਮ ਯੋਨੀ, ਮੌਖਿਕ ਅਤੇ ਗੁਦਾ ਰਾਹੀਂ ਬਣਾਏ ਜਾਣ ਵਾਲੇ ਕਾਮੁਕ ਸੰਬੰਧਾਂ ਕਾਰਣ ਹੋ ਸਕਦੀ ਹੈ। ਇਸ ਵਿੱਚ ਲਿੰਗ ਨੂੰ ਯੋਨੀ ਅੰਦਰ ਪਾ ਕੇ ਕੀਤਾ ਜਾਣ ਵਾਲਾ ਸੰਭੋਗ ਅਤੇ ਚਮੜੀ ਨਾਲ ਚਮੜੀ ਦੇ ਸਪਰਸ਼ ਵਾਲੀਆਂ ਕਾਮੁਕ ਗਤੀਵਿਧੀਆਂ ਸ਼ਾਮਲ ਹਨ। ਇਹ ਵਾਇਰਸ ਕੱਪੜਿਆਂ, ਤੌਲੀਏ ਜਾਂ ਖਿਡੌਣਿਆਂ ਜਿਹੀਆਂ ਸਤਹਾਂ ਉੱਪਰ ਰਹਿ ਸਕਦਾ ਹੈ। ਸਰੀਰ ਦੇ ਜਿਸ ਹਿੱਸੇ ਉੱਪਰ ਮੌਲੁਸਕਮ ਮੌਜੂਦ ਹੁੰਦੇ ਹਨ ਉਸ ਹਿੱਸੇ 'ਤੇ ਖਾਜ ਜਾਂ ਸ਼ੇਵ ਕਰਨ ਨਾਲ ਇਹ ਹੋਰ ਫੈਲ ਸਕਦਾ ਹੈ। ਜੇ ਤੁਹਾਨੂੰ ਮੌਲੁਸਕਮ ਹੈ ਅਤੇ ਭਾਵੇਂ ਤੁਹਾਡੇ ਵਿੱਚ ਕੋਈ ਲੱਛਣ ਨਾ ਵੀ ਹੋਣ ਤਾਂ ਵੀ ਦੂਜਿਆਂ ਨੂੰ ਤੁਹਾਡੇ ਤੋਂ ਇਹ ਲਾਗ ਲਗ ਸਕਦੀ ਹੈ।

## ਲੱਛਣ Symptoms

ਵਾਇਰਸ ਦੇ ਪ੍ਰਭਾਵ ਹੇਠ ਆਉਣ ਤੋਂ 2 ਹਫ਼ਤੇ ਤੋਂ 6 ਮਹੀਨਿਆਂ ਦੌਰਾਨ ਮੌਲੁਸਕਮ ਦੇ ਸਾਹਮਣੇ ਆਉਣ ਦੇ ਆਸਾਰ ਹੁੰਦੇ ਹਨ। ਮੌਲੁਸਕਮ ਦੀ ਸ਼ੁਰੂਆਤ ਛੋਟੀਆਂ ਦਰਦ-ਰਹਿਤ ਫਿਣਸੀਆਂ ਦੇ ਰੂਪ ਵਿੱਚ ਹੁੰਦੀ ਹੈ ਜੋ ਕਿ ਕੁਝ ਹਫ਼ਤਿਆਂ ਤਕ ਵੱਡੀਆਂ, ਸਖ਼ਤ, ਖੜ੍ਹਵੀਆਂ ਅਤੇ ਗੁਲਾਬੀ-ਸਫ਼ੇਦ ਹੋ ਜਾਣਗੀਆਂ ਅਤੇ ਇਨ੍ਹਾਂ ਫਿਣਸੀਆਂ ਦੇ ਵਿਚਕਾਰ ਇੱਕ ਛੋਟਾ ਜਿਹਾ ਡੂੰਘ ਹੁੰਦਾ ਹੈ।

## ਟੈਸਟ ਅਤੇ ਰੋਗ ਦੀ ਪਛਾਣ Tests and Diagnosis

ਮੌਲੁਸਕਮ ਲਈ ਟੈਸਟ ਅਤੇ ਰੋਗ ਦੀ ਪਛਾਣ ਵਾਸਤੇ ਕਲੀਨੀਕਲ ਜਾਂਚ ਕੀਤੀ ਜਾਂਦੀ ਹੈ। ਇੱਕ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਫਿਣਸੀਆਂ ਨੂੰ ਦੇਖ ਕੇ ਹਿਸਾਬ ਲਗਾਇਆ ਜਾਵੇਗਾ ਕਿ ਇਹ ਕੀ ਹਨ। ਜੇ ਤੁਹਾਡੇ ਵਿੱਚ ਲੱਛਣ ਹੋਣ ਤਾਂ ਮੌਲੁਸਕਮ ਲਈ ਟੈਸਟ ਕਰਵਾਉਣਾ ਵਧੀਆ ਰਹਿੰਦਾ ਹੈ।

## ਇਲਾਜ Treatment

ਤੁਸੀਂ ਇਹ ਚੋਣ ਕਰ ਸਕਦੇ ਹੋ ਕਿ ਤੁਸੀਂ ਮੌਲੁਸਕਮ ਦਾ ਇਲਾਜ ਕਰਵਾਉਣਾ ਹੈ ਜਾਂ ਨਹੀਂ। ਬਹੁਤੇ ਮਾਮਲਿਆਂ ਵਿੱਚ ਫਿਣਸੀਆਂ ਬਿਨਾ ਕਿਸੇ ਟ੍ਰੀਟਮੈਂਟ ਤੋਂ 6 ਮਹੀਨੇ ਦੇ ਅੰਦਰ-ਅੰਦਰ ਠੀਕ ਹੋ ਜਾਣਗੀਆਂ। ਸਿਹਤ ਸੰਭਾਲ ਪ੍ਰਦਾਤਾ ਮੌਲੁਸਕਮ ਦਾ ਇਲਾਜ ਕਰ ਸਕਦਾ ਹੈ ਅਤੇ ਅਕਸਰ ਸਿਰਫ਼ ਇੱਕੋ ਵਾਰ ਇਲਾਜ ਕਰਵਾਉਣ ਦੀ ਹੀ ਲੋੜ ਹੁੰਦੀ ਹੈ। ਆਪਣੇ ਲਈ ਇਲਾਜ ਦਾ ਸਭ ਤੋਂ ਵਧੀਆ ਵਿਕਲਪ ਲੱਭਣ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਕਾਮੁਕ ਸਾਥੀ Sexual Partners

ਆਪਣੇ ਮੌਜੂਦਾ ਕਾਮੁਕ ਸਾਥੀਆਂ ਨਾਲ ਮੌਲੁਸਕਮ ਬਾਰੇ ਗੱਲ ਕਰਨੀ ਤੁਹਾਡੀ ਆਪਣੀ ਮਰਜ਼ੀ ਹੈ। ਆਪਣੇ ਸਾਥੀਆਂ ਨੂੰ ਦੱਸ ਕੇ ਤੁਸੀਂ ਸੂਚਿਤ ਫੈਸਲਾ ਲੈਣ ਵਿੱਚ ਉਨ੍ਹਾਂ ਦੀ ਮਦਦ ਕਰ ਸਕਦੇ ਹੋ, ਪਰ ਹੋ ਸਕਦਾ ਹੈ ਕਿ ਤੁਸੀਂ ਆਪਣੇ ਸਾਥੀਆਂ ਨੂੰ ਦੱਸਣਾ ਨਾ ਚਾਹੁੰਦੇ ਹੋਵੋ ਜਾਂ ਤੁਸੀਂ ਉਨ੍ਹਾਂ ਨੂੰ ਇਸ ਬਾਰੇ ਦੱਸਦੇ ਹੋਏ ਸੁਰੱਖਿਅਤ ਮਹਿਸੂਸ ਨਾ ਕਰਦੇ ਹੋਵੋ। ਤੁਸੀਂ ਉਹ ਫੈਸਲਾ ਕਰਨਾ ਹੈ ਜੋ ਤੁਹਾਡੇ ਲਈ ਸਹੀ ਹੈ।

ਤੁਹਾਡੇ ਮੌਜੂਦਾ ਸਾਥੀ ਮੌਲੁਸਕਮ ਦੀ ਮੌਜੂਦਗੀ ਲਈ ਸਮੇਂ-ਸਮੇਂ ਸਿਰ ਆਪਣੀ ਜਾਂਚ ਕਰ ਸਕਦੇ ਹਨ ਅਤੇ ਇਸ ਦੇ ਲੱਛਣ ਮਹਿਸੂਸ ਕਰਨ ’ਤੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਕੋਲ ਜਾ ਸਕਦੇ ਹਨ। ਇੱਕ ਵਾਰੀ ਜਦੋਂ ਮੌਲੁਸਕਮ ਦੀਆਂ ਫਿਣਸੀਆਂ ਠੀਕ ਜੋ ਜਾਣ ਤਾਂ ਤੁਹਾਡੇ ਕਾਮੁਕ ਸਾਥੀਆਂ ਨੂੰ ਤੁਹਾਡੇ ਤੋਂ ਇਹ ਵਾਇਰਸ ਲੱਗਣ ਦੇ ਆਸਾਰ ਘੱਟ ਹੋ ਜਾਂਦੇ ਹਨ।

## ਉਲਝਣਾਂ Complications

ਆਮ ਤੌਰ ’ਤੇ ਮੌਲੁਸਕਮ ਕਾਰਣ ਕੋਈ ਹੋਰ ਸਿਹਤ ਸਮੱਸਿਆਵਾਂ ਨਹੀਂ ਹੁੰਦੀਆਂ। ਕਈ ਵਾਰੀ ਫਿਣਸੀਆਂ ਉੱਪਰ ਜਲ਼ਣ ਹੋ ਸਕਦੀ ਹੈ, ਫਿਣਸੀਆਂ ਲਾਲ ਹੋ ਸਕਦੀਆਂ ਹਨ ਅਤੇ ਉਨ੍ਹਾਂ ਉੱਪਰ ਇਨਫ਼ੈਕਸ਼ਨ ਹੋ ਸਕਦੀ ਹੈ। ਜੇ ਅਜਿਹਾ ਹੋਵੇ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲ ਕੇ ਪਤਾ ਕਰੋ ਕਿ ਦਾਗ ਪੈਣ ਤੋਂ ਬਚਣ ਲਈ ਕੀ ਤੁਹਾਨੂੰ ਐਂਟੀਬਾਇਓਟਿਕ ਲੈਣ ਦੀ ਲੋੜ ਹੈ। ਇਮਿਊਨਿ ਸਿਸਟਮ ਦੀਆਂ ਗੰਭੀਰ ਸਮੱਸਿਆਵਾਂ ਵਾਲੇ ਲੋਕਾਂ ਵਿੱਚ ਮੌਲੁਸਕਮ ਚਿਹਰੇ ਉੱਪਰ ਉਭਰ ਸਕਦਾ ਹੈ ਅਤੇ ਇਲਾਜ ਦੇ ਬਾਵਜੂਦ ਵੀ ਇਸ ਵਿੱਚ ਵਾਧਾ ਹੋ ਸਕਦਾ ਹੈ।

## ਰੋਕਥਾਮ Prevention

ਜੇ ਤੁਹਾਡੇ ਨਵੇਂ ਕਾਮੁਕ ਸਾਥੀ ਹਨ ਜਾਂ ਤੁਸੀਂ ਬੇਪਾਬੰਦਗੀ ਵਾਲੇ ਖੁੱਲ੍ਹੇ ਪ੍ਰੇਮ ਸੰਬੰਧਾਂ ਵਿੱਚ ਹੋ ਤਾਂ ਤੁਹਾਨੂੰ ਜਿਨਸੀ ਸੰਬੰਧਾਂ ਕਾਰਣ ਲੱਗਣ ਵਾਲੀਆਂ ਬਿਮਾਰੀਆਂ (ਐੱਸ ਟੀ ਆਈ) ਵਾਸਤੇ ਵਿਸ਼ੇਸ਼ ਤੌਰ ’ਤੇ ਬਾਕਾਇਦਾ ਟੈਸਟ ਕਰਾਉਣੇ ਚਾਹੀਦੇ ਹਨ। ਆਪਣੇ ਕਾਮੁਕ ਸਾਥੀਆਂ ਨਾਲ ਸੁਰੱਖਿਅਤ ਸੰਭੋਗ ਬਾਰੇ ਗੱਲ ਕਰਨ ਦਾ ਮਤਲਬ ਹੈ ਕਿ ਸਭ ਨੂੰ ਪਤਾ ਹੋਵੇਗਾ ਕਿ ਕੀ ਉਮੀਦ ਰੱਖਣੀ ਹੈ। ਜੇ ਨਿਰੋਧ ਤੁਹਾਡੇ ਲਈ ਸਹੀ ਕੰਮ ਕਰਨ ਤਾਂ ਇਹ ਵਧੀਆ ਰਹਿੰਦੇ ਹਨ।

## ਵਸੀਲੇ Resources

**HealthLink BC (ਹੈਲਥਲਿੰਕ ਬੀ ਸੀ) – ਮੌਲੁਸਕਮ ਕੌਨਟੈਗਿਉਸਮ ਬਾਰੇ ਵੱਖ-ਵੱਖ ਭਾਸ਼ਾਵਾਂ ਵਿੱਚ ਜਾਣਕਾਰੀ**

https://www.healthlinkbc.ca/healthlinkbc-files/molluscum-contagiosum

**SmartSexResource (ਸਮਾਰਟ ਸੈਕਸ ਰੀਸੋਰਸ) – ਜੇ ਤੁਹਾਨੂੰ ਮੌਲੁਸਕਮ ਕੌਨਟੈਗਿਉਸਮ ਬਾਰੇ ਫ਼ਿਕਰ ਜਾਂ ਬੇਚੈਨੀ ਹੈ**

https://smartsexresource.com/topics/worry-and-anxiety

**TransCareBC (ਟ੍ਰਾਂਸ ਕੇਅਰ ਬੀ ਸੀ) – ਹਰ ਲਿੰਗ ਲਈ ਹਾਮੀ ਭਰਨ ਵਾਲੀ ਕਾਮੁਕ ਅਤੇ ਪੁਨਰ-ਉਤਪਤੀ ਸਿਹਤ ਜਾਣਕਾਰੀ**

http://www.phsa.ca/transcarebc/care-support/access-care/sexual-hlth